# ਬਿਲੀਵਰਸ ਈਸਟਰਨ ਚਰਚ

ਆਫ਼ਿਸ ਆਫ਼ ਮੈਟਰੋਪੋਲਿਟਨ, ਸਿਨੋਡ ਸਕੱਤਰੇਤ, ਸੰਤ ਥਾਮਸ ਕਮਿਊਨਿਟੀ, ਤਿਰੂਵੱਲਾ, ਕੇਰਲ, ਭਾਰਤ।

## ਚਰਵਾਹੇ ਦਾ ਪੱਤਰ

ਮਾਰਚ/ਅਪ੍ਰੈਲ 2024

ਸਾਰੇ ਆਰਚਬਿਸ਼ਪਾਂ ਅਤੇ ਬਿਸ਼ਪਾਂ, ਯਾਜਕਾਂ ਅਤੇ ਡੀਕਨ ਫਾਦਰਾਂ, ਇਵੈਂਜਲਿਸਟਾਂ, ਅਤੇ ਆਰਡਰ ਆਫ ਸਿਸਟਰਜ਼, ਅਤੇ ਸਾਰੇ ਬਿਲੀਵਰਸ ਈਸਟਰਨ ਚਰਚ ਦੇ ਵਿਸ਼ਵ-ਵਿਆਪੀ ਵਿਸ਼ਵਾਸੀਆਂ ਨੂੰ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ 'ਤੇ, ਆਮੀਨ!

**ਮਸੀਹ ਵਿੱਚ ਪਿਆਰੇ ਅਜੀਜ਼ੋ,**

ਮਸੀਹ ਜੀ ਉੱਠਿਆ ਹੈ; ਸੱਚਮੁੱਚ ਉਹ ਜੀ ਉੱਠਿਆ ਹੈ!

ਇੱਕ ਕਲੀਸਿਯਾ ਦੇ ਰੂਪ ਵਿੱਚ, ਅਸੀਂ ਮਹਾਨ ਲੈਂਟ ਅਤੇ ਈਸਟਰ ਦੇ ਤਿਉਹਾਰ ਦਾ ਸਮਾਂ ਕਾਲ ਪੂਰਾ ਕਰ ਲਿਆ ਹੈ, ਅਤੇ ਮੈਂ ਉਮੀਦ ਕਰਦਾ ਹਾਂ ਕਿ ਇਹ ਸਾਡੇ ਸਾਰਿਆਂ ਲਈ ਮਸੀਹ ਦੇ ਨਾਲ ਸਾਡੀ ਯਾਤਰਾ ਵਿੱਚ ਨੇੜੇ ਹੋਣ ਦਾ ਇੱਕ ਸ਼ਾਨਦਾਰ ਅਨੁਭਵ ਰਿਹਾ ਹੈ। ਖੁਦਾ ਕਰੇ ਕਿ ਤੋਬਾ ਕਰਨ ਦੀ ਭਾਵਨਾ ਅਤੇ ਮਸੀਹ ਦੇ ਜੀ ਉੱਠਣ ਦਾ ਐਲਾਨ ਕਰਨ ਦੀ ਖੁਸ਼ੀ ਹਮੇਸ਼ਾ ਸਾਡੇ ਜੀਵਨ ਦਾ ਹਿੱਸਾ ਬਣੇ!

ਕਿਰਪਾ ਕਰਕੇ ਯਾਦ ਰੱਖੋ ਕਿ ਧਰਤੀ 'ਤੇ ਸਾਡੇ ਸਮੇਂ ਦੌਰਾਨ, ਅਸੀਂ ਮਸੀਹ ਵਰਗੇ ਬਣਨ ਦੀ ਯਾਤਰਾ ਸ਼ੁਰੂ ਕਰ ਰਹੇ ਹਾਂ। ਇਹ ਚਰਚ ਦੁਆਰਾ ਹੈ ਕਿ ਸਾਨੂੰ ਇੱਕ ਪਵਿੱਤਰ ਜੀਵਨ ਮਿਲਦਾ ਹੈ, ਅਤੇ ਇਹ ਸਾਡੇ ਜੀਵਨ ਦਾ ਤਰੀਕਾ ਬਣ ਜਾਂਦਾ ਹੈ ਜਿਵੇਂ ਕਿ ਅਸੀਂ ਚਰਚ ਦੇ ਕੈਲੰਡਰ ਅਤੇ ਚਰਚ ਦੇ ਵਿਸ਼ਵਾਸ ਅਤੇ ਪਵਿੱਤਰ ਪਰੰਪਰਾਵਾਂ (ਰਵਾਇਤਾਂ) ਦੀ ਪਾਲਣਾ ਕਰਨ ਵਿੱਚ ਅਨੁਸ਼ਾਸਿਤ ਅਤੇ ਵਫ਼ਾਦਾਰ ਰਹਿੰਦੇ ਹਾਂ।

ਸਾਡੇ ਘਰਾਂ ਨੂੰ 'ਛੋਟੇ ਚਰਚ' ਕਿਹਾ ਜਾਂਦਾ ਹੈ, ਕਿਉਂਕਿ ਇਹ ਘਰ ਹੀ ਹੈ ਜਿੱਥੇ ਸਾਡੇ ਵਿਸ਼ਵਾਸ ਦਾ ਸੱਚਮੁੱਚ ਅਭਿਆਸ ਕੀਤਾ ਜਾਂਦਾ ਹੈ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਇਆ ਜਾਂਦਾ ਹੈ। ਪਰ ਅਸੀਂ ਇਸ ਜੀਵਤ ਵਿਸ਼ਵਾਸ ਨੂੰ ਆਪਣੇ ਬੱਚਿਆਂ, ਆਪਣੇ ਪੋਤੇ-ਪੋਤੀਆਂ ਅਤੇ ਆਪਣੇ ਗੁਆਂਢੀਆਂ ਨੂੰ ਕਿਵੇਂ ਦੇ ਸਕਦੇ ਹਾਂ? ਅਜਿਹਾ ਕਰਨ ਦੇ ਇੱਕ ਸ਼ਾਨਦਾਰ ਤਰੀਕੇ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ। ਹਾਲ ਹੀ ਵਿੱਚ, ਸਾਡੇ ਚਰਚ ਨੇ ਇੱਕ ਛੋਟਾ ਜਿਹਾ ਕਿਤਾਬਚਾ ਪ੍ਰਕਾਸ਼ਿਤ ਕੀਤਾ ਹੈ - 'ਪਰਿਵਾਰਕ ਪ੍ਰਾਰਥਨਾ ਲਿਟਰਜੀ।' ਇਹ ਸਾਨੂੰ ਵਿਹਾਰਕ ਤੌਰ 'ਤੇ ਦੱਸਦਾ ਹੈ ਕਿ ਕੀ ਪ੍ਰਾਰਥਨਾ ਕਰਨੀ ਹੈ ਅਤੇ ਇੱਕ ਪਰਿਵਾਰ ਦੇ ਰੂਪ ਵਿੱਚ ਇਕੱਠੇ ਪ੍ਰਾਰਥਨਾ ਕਿਵੇਂ ਕਰਨੀ ਹੈ। ਇਹ ਸਾਨੂੰ ਪ੍ਰਾਰਥਨਾ ਵੇਦੀ ਸਥਾਪਤ ਕਰਨ ਲਈ ਵਿਹਾਰਕ ਦਿਸ਼ਾ-ਨਿਰਦੇਸ਼ ਵੀ ਦਿੰਦਾ ਹੈ। ਇਹ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾ ਰਿਹਾ ਹੈ ਅਤੇ ਛਾਪਿਆ ਜਾ ਰਿਹਾ ਹੈ, ਅਤੇ ਤੁਹਾਡਾ ਯਾਜਕ ਤੁਹਾਡੇ ਸਾਰਿਆਂ ਲਈ ਇਸਦੀ ਇੱਕ ਕਾਪੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਜਿਵੇਂ ਕਿ ਤੁਸੀਂ ਚਰਚ ਦੁਆਰਾ ਸਾਨੂੰ ਦਿਖਾਏ ਗਏ ਨਮੂਨੇ ਵਿੱਚ ਪ੍ਰਾਰਥਨਾ ਕਰਨ

ਦਾ ਅਭਿਆਸ ਕਰਦੇ ਹੋ, ਪਰਮੇਸ਼ੁਰ ਨਾ ਸਿਰਫ਼ ਤੁਹਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਦੇਵੇਗਾ, ਸਗੋਂ ਤੁਹਾਡੇ ਪਰਿਵਾਰ ਨੂੰ ਤੁਹਾਡੇ ਆਂਢ-ਗੁਆਂਢ ਵਿੱਚ ਹੋਰ ਪਰਿਵਾਰਾਂ ਲਈ ਵੀ ਬਰਕਤ ਬਣਾ ਦੇਵੇਗਾ।

ਅਗਲੀ ਪੀੜ੍ਹੀ ਤੱਕ ਵਿਸ਼ਵਾਸ ਪਹੁੰਚਾਉਣ ਦਾ ਇੱਕ ਹੋਰ ਵਧੀਆ ਮੌਕਾ, 'ਕਿਡਜ਼ ਡੇਅ ਕੈਂਪ' ਯਾਨੀ ਕਿ ਸੰਡੇ ਸਕੂਲ ਦੇ ਬੱਚਿਆਂ ਲਈ ਪ੍ਰੋਗ੍ਰਾਮ ਹੈ ਜੋ ਸਾਡੇ ਚਰਚ ਦੁਆਰਾ ਵਿਸ਼ਵ ਭਰ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਆਪਣੇ ਡਾਇਓਸੀਜ਼ ਤੋਂ ਇਸ ਲਈ ਲੋੜੀਂਦੇ ਸਾਰੇ ਦਿਸ਼ਾ-ਨਿਰਦੇਸ਼ ਪ੍ਰਾਪਤ ਕਰ ਲਏ ਹੋਣਗੇ। ਮੈਂ ਤੁਹਾਨੂੰ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਪੈਰਿਸ਼ ਦੇ ਬੱਚਿਆਂ ਲਈ ਇੱਕ ਯਾਦਗਾਰੀ ਅਤੇ ਮਜ਼ੇਦਾਰ ਅਨੁਭਵ ਬਣਾਓ। ਹੋਰ ਬੱਚਿਆਂ ਨੂੰ ਵੀ ਸੱਦਾ ਦੇਣਾ ਯਕੀਨੀ ਬਣਾਓ, ਕਿਉਂਕਿ ਇਹ ਪਾਠ ਸਾਡੇ ਬੱਚਿਆਂ ਦੇ ਜਵਾਨ ਹੋਣ ਦੌਰਾਨ ਸਕਾਰਾਤਮਕ ਕਦਰਾਂ-ਕੀਮਤਾਂ ਵਿਕਸਿਤ ਕਰਨ ਵਿੱਚ ਮਦਦ ਕਰਨਗੇ।

ਨੌਜਵਾਨ ਲੋਕ ਸਾਡੇ ਚਰਚ ਅਤੇ ਸਾਡੇ ਦੇਸ਼ ਦਾ ਭਵਿੱਖ ਹਨ। ਇਹ ਸਾਡੇ ਨੌਜਵਾਨਾਂ ਨੂੰ ਵਿਸ਼ਵਾਸ ਅਤੇ ਪਰਮੇਸ਼ੁਰ ਦੇ ਰਾਹਾਂ ਵਿੱਚ ਕੇਵਲ ਮਜ਼ਬੂਤ ਨੀਂਹ ਦੇ ਨਾਲ ਵੱਡੇ ਹੋਣ ਲਈ ਮਾਰਗਦਰਸ਼ਨ ਕਰਨ ਦੁਆਰਾ ਹੈ, ਉਹ ਚਰਚ ਦੇ ਪ੍ਰਤੀ ਵਫ਼ਾਦਾਰ ਰਹਿੰਦੇ ਹਨ, ਮਸੀਹ ਅਤੇ ਉਸਦੇ ਚਰਚ ਦੀ ਨੁਮਾਇੰਦਗੀ ਕਰਦੇ ਹਨ ਜਿੱਥੇ ਉਹ ਹਨ, ਅਤੇ ਪਵਿੱਤਰ ਚਰਚ ਦੀ ਸੇਵਾ ਕਰਨ ਲਈ ਆਪਣਾ ਜੀਵਨ ਸਮਰਪਿਤ ਕਰਨ ਲਈ ਤਿਆਰ ਹੋ ਜਾਂਦੇ ਹਨ। ਅਤੇ ਮੇਰੇ ਕੋਲ ਉਹਨਾਂ ਲਈ ਇੱਕ ਦਿਲਚਸਪ ਖ਼ਬਰ ਹੈ! ਸਾਡੇ ਚਰਚ ਦਾ ਬਿਲੀਵਰਸ ਯੂਥ ਵਿਭਾਗ 9-13 ਅਕਤੂਬਰ 2024 ਨੂੰ ਇੱਕ ਵਿਸ਼ਾਲ ਯੂਥ ਕਾਨਫਰੰਸ ਆਯੋਜਿਤ ਕਰਨ ਦੀ ਯੋਜਨਾ ਬਣਾ ਰਿਹਾ ਹੈ ਜੋ ਕਿ ਹੋਲੀ ਸਿਨੋਡ ਹੈੱਡਕੁਆਰਟਰ ਵਿਖੇ ਹੋਵੇਗੀ। ਸਾਡੇ ਸੰਸਾਰ ਭਰ ਦੇ ਚਰਚਾਂ ਦੇ ਨੁਮਾਇੰਦਿਆਂ ਨਾਲ, ਇਹ ਉਹਨਾਂ ਵਿੱਚ ਸੰਗਤੀ, ਉਤਸ਼ਾਹ, ਅਤੇ ਨਵੀਨੀਕਰਨ ਦਾ ਇੱਕ ਸ਼ਾਨਦਾਰ ਸਮਾਂ ਹੋਵੇਗਾ। ਕਿਰਪਾ ਕਰਕੇ ਇਸ ਲਈ ਨਿਰੰਤਰ ਪ੍ਰਾਰਥਨਾ ਕਰੋ, ਅਤੇ ਇਸ ਇਕੱਠ ਦਾ ਹਿੱਸਾ ਬਣਨ ਵਾਲੇ ਨੌਜਵਾਨਾਂ ਲਈ ਪ੍ਰਾਰਥਨਾ ਕਰੋ।

ਮੇਰੇ ਪਿਆਰੇ ਵਿਸ਼ਵਾਸੀ ਸਾਥੀਓ, ਮੈਨੂੰ ਤੁਹਾਡੇ ਸਾਰਿਆਂ ਉੱਤੇ ਚਰਚ ਪ੍ਰਤੀ ਤੁਹਾਡੀ ਵਫ਼ਾਦਾਰੀ ਅਤੇ ਮਸੀਹ ਸਾਡੇ ਪ੍ਰਭੂ ਵਾਂਗ ਬਣਨ ਦੀ ਤੁਹਾਡੀ ਪਿਆਸ ਲਈ ਬਹੁਤ ਮਾਣ ਹੈ। ਸਾਡੇ ਸਾਰਿਆਂ ਲਈ ਮੇਰੀ ਸਭ ਤੋਂ ਵੱਡੀ ਇੱਛਾ ਇਹ ਹੈ ਕਿ ਅਸੀਂ ਦੂਜਿਆਂ ਲਈ ਆਪਣੇ ਪਿਆਰ ਦੁਆਰਾ ਜਾਣੇ ਜਾਈਏ।

ਪਵਿੱਤਰ ਤ੍ਰਿਏਕ ✠ ਆਪਣੀ ਦਯਾ ਵਿੱਚ ਸਾਡੀ ਅਗਵਾਈ ਕਰਦਾ ਰਹੇ।

ਮਸੀਹ ਵਿੱਚ ਤੁਹਾਡਾ ਪਿਤਾ,



ਐਥਨੇਸ਼ੀਅਸ ਯੋਹਾਨ ਪਹਿਲਾ
ਮੈਟਰੋਪੋਲਿਟਨ

**ਮਿਤੀ :** 22 ਅਪ੍ਰੈਲ 2024
**ਸਥਾਨ:** ਪਵਿੱਤਰ ਸਿਨੋਡ